ਨੰ: 4/3/2014-2ਪੀਪੀ2/ 371024/1

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ਼-2 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ;
ਡਵੀਜਨਜ਼ ਦੇ ਕਮਿਸ਼ਨਰ;
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਜ਼ਿਲ੍ਹਾ ਅਤੇ ਸੈਸ਼ਨ ਜੱਜ;
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ;
ਸਮੂਹ ਸਬ ਡਵੀਜ਼ਨਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ: 18/12/14

ਵਿਸ਼ਾ:- ਸਰਕਾਰੀ ਕਰਮਚਾਰੀ ਜਾਂ ਰਿਟਾਇਰਡ ਸਰਕਾਰੀ ਕਰਮਚਾਰੀ ਨੂੰ ਸੇਵਾ ਦੌਰਾਨ ਦਾ ਸਰਵਿਸ ਸਰਟੀਫਿਕੇਟ ਜਾਂ ਆਚਰਣ ਸਰਟੀਫਿਕੇਟ ਜਾਰੀ ਕਰਨ ਬਾਰੇ।

*****

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਦਾ ਧਿਆਨ ਦਿਵਾਉਂਦੇ ਹੋਏ ਮੈਨੂੰ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਕਰਮਚਾਰੀਆਂ ਨੂੰ ਸੇਵਾ ਦੌਰਾਨ ਦੇ "ਸਰਵਿਸ ਸਰਟੀਫਿਕੇਟ" ਜਾਂ ਚੰਗੇ ਚਾਲ ਚਲਣ ਬਾਰੇ "ਆਚਰਣ ਸਰਟੀਫਿਕੇਟ" ਦੀ ਲੋੜ ਪੈਂਦੀ ਹੈ। ਸਰਕਾਰ ਵਲੋਂ ਕਰਮਚਾਰੀਆਂ ਦੀ ਸਹੂਲਤ ਲਈ ਇਹ ਫੈਸਲਾ ਲਿਆ ਗਿਆ ਹੈ ਕਿ ਅੱਗੇ ਤੋਂ ਸਬੰਧਤ ਕਰਮਚਾਰੀ ਨੂੰ ਹੇਠ ਅਨੁਸਾਰ "ਆਚਰਣ ਸਰਟੀਫਿਕੇਟ" ਜਾਰੀ ਕਰ ਦਿੱਤਾ ਜਾਇਆ ਕਰੇ:-

**CHARACTER CERTIFICATE**

Certified that Mr./Ms. __________ S/o/ D/o__________ residing at __________ has/had served the State Government of Punjab for __________ and his/her work & conduct during Government service has/had been satisfactory as per the office record.

Signature__________

Name__________

Designation__________

Tel: __________

(Office seal)

Dated __________

2. ਸਮਰੱਥ ਅਧਿਕਾਰੀ ਸਬੰਧਤ ਕਰਮਚਾਰੀ ਜਾਂ ਰਿਟਾਇਰਡ ਕਰਮਚਾਰੀ ਨੂੰ ਅਜਿਹਾ ਸਰਟੀਫਿਕੇਟ ਜਾਰੀ ਕਰਨ ਤੋਂ ਪਹਿਲਾਂ ਇਹ ਪੜਚੋਲ ਕਰ ਲਵੇ ਕਿ :-

(1) ਕੀ ਰਿਟਾਇਰਡ ਕਰਮਚਾਰੀ ਵਿਰੁੱਧ ਵਿਭਾਗੀ ਅਨੁਸਾਸਨੀ ਕਾਰਵਾਈ/ਪੁਲਿਸ ਤਫਤੀਸ਼/ਚੌਕਸੀ ਇਨਕੁਆਰੀ/ ਅਦਾਲਤੀ ਕੇਸ ਚਲ ਰਿਹਾ ਹੈ ਜਾਂ ਅਜਿਹਾ ਕੋਈ ਕੇਸ ਚਲਾਇਆ ਜਾਣਾ ਵਿਚਾਰ

ਚਲਦਾ ਪੰਨਾ....2

ਅਧੀਨ ਹੈ, ਜਿਹੜਾ ਕਿ ਇਮਾਨਦਾਰੀ ਅਤੇ ਚਾਲ ਚਲਣ ਤੇ ਇੱਕ ਇਲਜਾਮ ਦੇ ਤੌਰ ਤੇ ਸਮਝਿਆ ਜਾ ਸਕਦਾ ਹੈ?

(2) ਕੀ ਕਰਮਚਾਰੀ ਨੇ ਸਰਕਾਰ ਤੋਂ ਕਿਸੇ ਕਿਸਮ ਦਾ ਕਰਜਾ ਤਾਂ ਨਹੀਂ ਲਿਆ ਜਿਸ ਨੂੰ ਮੋੜਨ ਦੀ ਮਿਆਦ ਟੱਪਣ ਤੋਂ ਬਾਦ ਵੀ ਅਦਾਇਗੀ ਕਰਨੀ ਰਹਿੰਦੀ ਹੋਵੇ ਜਾਂ ਕੋਈ ਹੋਰ ਵਸੂਲੀ ਤਾਂ ਉਸ ਵੱਲੋਂ ਉਗਰਾਹੁਣ ਯੋਗ ਨਹੀਂ ਹੈ, ਜਿਸ ਦੀ ਉਗਰਾਹੀ ਮਿਥੀਆਂ ਸ਼ਰਤਾਂ ਅਨੁਸਾਰ ਅਜਿਹਾ ਸਰਟੀਫਿਕੇਟ ਜਾਰੀ ਕਰਨ ਨਾਲ ਨਹੀਂ ਹੋ ਸਕੇਗੀ?

ਜੇ ਕਿਸੇ ਕਰਮਚਾਰੀ ਦਾ ਕੇਸ ਉਪਰੋਕਤ ਦੱਸੀਆਂ ਮੱਦਾਂ ਵਿੱਚ ਨਹੀਂ ਅਉਂਦਾ ਹੈ ਤਾਂ ਪੈਰਾ-1 ਵਿੱਚ ਦਰਸਾਏ ਅਨੁਸਾਰ "ਆਚਰਣ ਸਾਰਟੀਫਿਕੇਟ" ਜਾਰੀ ਕਰ ਦਿੱਤਾ ਜਾਵੇ। ਸਮੁੱਚੇ ਤੌਰ ਤੇ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਅਜਿਹਾ ਸਾਰਟੀਫਿਕੇਟ ਜਾਰੀ ਕਰਨ ਨਾਲ ਸਰਕਾਰ ਨੂੰ ਕਿਸੇ ਕਿਸਮ ਦੀ ਔਕੜ ਨਾ ਹੋਵੇ ਅਤੇ ਨਾ ਹੀ ਕੋਈ ਮਾਲੀ ਨੁਕਸਾਨ ਹੋਵੇ।

3. ਜੇਕਰ ਕਿਸੇ ਅਧਿਕਾਰੀ/ਕਰਮਚਾਰੀ ਨੂੰ ਸਮਰੱਥ ਅਧਿਕਾਰੀ ਵਲੋਂ ਅਜਿਹਾ ਸਰਟੀਫਿਕੇਟ ਜਾਰੀ ਕਰਨ ਤੋਂ ਇਨਕਾਰ ਕੀਤਾ ਜਾਦਾ ਹੈ ਤਾਂ ਸਬੰਧਤ ਅਧਿਕਾਰੀ/ਕਰਮਚਾਰੀ ਵਲੋਂ ਇਸ ਬਾਰੇ ਆਪਣੀ ਪ੍ਰਤੀ-ਬੇਨਤੀ, ਹੁਕਮ ਜਾਰੀ ਹੋਣ ਦੀ ਮਿਤੀ ਤੋਂ 15 ਦਿਨ੍ਹਾਂ ਦੇ ਅੰਦਰ ਅੰਦਰ, ਨਿਮਨ ਕਮੇਟੀ ਨੂੰ ਪੇਸ਼ ਕਰੇਗਾ। ਜਿਸ ਤੇ ਕਮੇਟੀ ਵਲੋਂ 30 ਦਿਨਾਂ ਦੇ ਅੰਦਰ-ਅੰਦਰ ਫੈਸਲਾ ਲਿਆ ਜਾਵੇਗਾ ਅਤੇ ਸਬੰਧਤ ਪ੍ਰਬੰਧਕੀ ਵਿਭਾਗ ਵਲੋਂ ਇਸ ਸਬੰਧੀ ਮੂੰਹ ਬੋਲਦੇ ਹੁਕਮ (Speaking Order) ਜਾਰੀ ਕੀਤੇ ਜਾਣਗੇ।

ਕਮੇਟੀ ਦਾ ਗਠਨ ਹੇਠ ਅਨੁਸਾਰ ਹੋਵੇਗਾ:-

(1) ਸਕੱਤਰ ਪ੍ਰਸੋਨਲ ਵਿਭਾਗ;

(2) ਸਬੰਧਤ ਵਿਭਾਗ ਦਾ ਪ੍ਰਬੰਧਕੀ ਸਕੱਤਰ ਜਾਂ ਪ੍ਰਤਿਨਿਧ (ਘੱਟੋ ਘੱਟ ਵਿਸੇਸ ਸਕੱਤਰ/ ਵਧੀਕ ਸਕੱਤਰ ਰੈਂਕ); ਅਤੇ

(3) ਸਬੰਧਤ ਵਿਭਾਗ ਦਾ ਮੁਖੀ। (ਮੈਂਬਰ ਸਕੱਤਰ)

4. ਇਹ ਹਦਾਇਤਾਂ ਸਮੂਹ ਸਬੰਧਤਾਂ ਦੇ ਧਿਆਨ ਵਿੱਚ ਇੰਨ ਬਿੰਨ ਪਾਲਣਾ ਲਈ ਲਿਆਂਦੀਆਂ ਜਾਣ ਅਤੇ ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਵਿਸ਼ਵਾਸਪਾਤਰ

ਅਧੀਨ ਸਕੱਤਰ ਪ੍ਰਸੋਨਲ

ਉਕਤ ਦਾ ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 4/3/2014-2ਪੀਪੀ2/ 371025/2 ਮਿਤੀ, ਚੰਡੀਗੜ੍ਹ: 18/12/15